ਪੰਜਾਬੀ ਬਾਤ ਚੀਤ॥

85125

ਪੰਡਿਤ ਸਰਧਾ ਰਾਮ ਕ੍ਰਿਤ ॥

PANJÁBÍ BÁT CHÍT

پنجابی بات چیت

BY

Pandit Sardhá Ram

PUBLISHED UNDER THE AUTHORITY OF THE PANJÁB TEXT BOOK COMMITTEE.

(2)

GYAL SINGH LAHORE LIBRARY

PRINTED AT THE LODIANA MISSION PRESS,
FOR THE GOVERNMENT CENTRAL BOOK DEPÔT ;
REV. C. B. NEWTON SUPERINTENDENT.

1884.

(*All rights reserved.*)

ਭੂਮਿਕਾ॥

ਧੰਨ ਹੈ ਉਹ ਪਰਮਾਤਮਾ ਪਰਮੇਸ਼ੁਰ ਜਿਸ ਨੈ ਆਪਣੀ ਸਮਰੱਥ ਨਾਲ ਇਸ ਜਗਤ ਦੇ ਬਾਗ ਨੂੰ ਉਪਜਾਇਆ। ਅਰ ਕਈਆਂ ਭਾਂਤਾਂ ਦਿਆਂ ਫੁੱਲਾਂ ਫਲਾਂ ਨਾਲ ਪੂਰਲ ਕਰਕੇ ਸਜਾਇਆ। ਇਹ ਕੇਹੀ ਅਨੰਤ ਮਹਿਮਾ ਉਸ ਨਿਰੰਕਾਰ ਦੀ ਹੈ ਕਿ ਇੱਕ ਨਾਲ ਦੂਜੇ ਦੀ ਮੂਰਤ ਅਰ ਸ਼ੁਭਾਉ ਅਰ ਬੋਲ ਚਾਲ ਨਹੀਂ ਮਿਲਦੇ ਸਭ ਕੋਈ ਜੁਦੀ ਜੁਦੀ ਰੰਗਤ ਦਾ ਰੰਗੀਲਾ ਹੈ। ਕੋਈ ਫੁੱਲ ਖਿੜਿਆ ਹੋਇਆ ਅਰ ਕੋਈ ਕੁਮਲਾਇਆ ਹੋਇਆ ਇਹ ਸਾਰੀ ਉਸੇ ਦੀ ਲੀਲਾ ਹੈ। ਜਿੱਕੁਰ ਉਸ ਨੈ ਜੁਦੇ ਜੁਦੇ ਦੇਸ ਅਰ ਭੇਸ ਬਣਾਏ ਤਿੱਕੁਰ ਹੀ ਉਨਾਂ ਦਿਆਂ ਕੰਮਾਂ ਕਾਰਾਂ ਅਰੁ ਬੁਹਾਰਾਂ ਅਰੁ ਰੀਤਾਂ ਰਸਮਾਂ ਅਰ ਬਰਤਾਰਿਆਂ ਵਿੱਚ ਬੇਰਵੇ ਦਿਖਲਾਏ। ਮੈਂ ਉਸ ਪਰਮੇਸ਼ੁਰ ਨੂੰ ਬਾਰ ਬਾਰ ਨਮਸਕਾਰਕੇ ਹੁਣ ਇਹ ਬਾਤ ਲਿਖਦਾ ਹਾਂ ਕਿ ਇਸ ਤੇ ਪਹਿਲਾਂ ਪੰਜਾਬੀ ਭਾਖਾ ਵਿੱਚ ਮੈਂ ਉਹ ਪੋਥੀ ਲਿਖਕੇ ਸਰਕਾਰ ਵਿੱਚ ਦਿੱਤੀ ਸੀ ਕਿ ਜਿਸ ਵਿੱਚ ਪੰਜਾਬ ਦੇਸ ਦੀਆਂ ਜਾਤਾਂ ਅਰ ਕਰਤੂਤਾਂ ਅਰ ਸਾਧਾਂ ਸੰਤਾਂ ਅਰ ਰਾਜਿਆਂ ਦੀਆਂ ਹਕੀਕਤਾਂ ਲਿਖੀਆਂ ਹੋਈਆਂ ਸੀਆਂ ਕਿ

ਜਿਸ ਨੂੰ ਪੜ੍ਹਕੇ ਅੰਗ੍ਰੇਜ ਲੋਕ ਇਮਤਿਹਾਨ ਦਿੰਦੇ ਹਨ। ਪਰ ਹੁਣ ਮੇਰੇ ਇੱਕ ਪਰਮ ਮਿਤ੍ਰ ਪਾਦਰੀ ਜਾਨ ਨਿਊਟਨ ਸਾਹਬ ਨੈ ਜੋ ਪੰਜਾਬੀ ਜਬਾਨ ਨੂੰ ਬਹੁਤ ਅੱਛੀ ਤਰਾਂ ਜਾਨਦੇ ਹਨ ਮੈਂ ਨੂੰ ਇਹ ਸਲਾਹ ਦਿੱਤੀ ਕਿ ਇੱਕ ਐਹੀ ਪੋਥੀ ਪੰਜਾਬੀ ਜਬਾਨ ਵਿੱਚ ਲਿਖੋ ਕਿ ਜਿਸ ਵਿੱਚ ਸਬ ਤਰਾਂ ਦੇ ਮੁਹਾਵਰੇ ਆ ਜਾਲ। ਉਸ ਮਿਤ੍ਰ ਦੀ ਸਲਾਹ ਮੰਨਕੇ ਮੈਂ ਇਹ (ਪੰਜਾਬੀ ਬਾਤ ਚੀਤ) ਨਾਮੇ ਪੋਥੀ ਲਿਖਕੇ ਸੰਮਤ ੧੯੩੩, ਈਸਵੀ ਸਨ ੧੮੭੫ ਵਿੱਚ ਉਸ ਮਿਤ੍ਰ ਨੂੰ ਦਿੱਤੀ ਕਿ ਜਿਸ ਨੈ ਗਵਰਮਿੰਟ ਪੰਜਾਬ ਤੇ ਮਨਜੂਰ ਕਰਾਕੇ ਮੈਂ ਨੂੰ ਇਸ ਦਾ ਇਨਾਮ ਦੁਆਇਆ। ਇਹ ਪੋਥੀ ਜੋ ਅੰਗ੍ਰੇਜਾਂ ਦੇ ਫਾਇਦੇ ਵਾਸਤੇ ਲਿਖੀ ਹੈ ਕਿ ਜੋ ਪੰਜਾਬ ਦੇ ਸਭ ਦਸਤੂਰ ਸਮਝ੍ਹਲੇ ਚਾਹੁੰਦੇ ਹਨ ਇਸ ਵਾਸਤੇ ਜਿੱਥੇ ਤਾਈਂ ਪਾਰਬਸਾਈ ਕੋਈ ਮੁਹਾਵਰਾ ਅਰ ਬੁਹਾਰ ਲਿਖਲੇ ਤੇ ਨਹੀਂ ਛੱਡਿਆ। ਇਸ ਪੋਥੀ ਵਿੱਚ ਅਹੋ ਮਨੋਕਤ ਕਥਾ ਲਿਖੀ ਹੈ ਕਿ ਜਿਸ ਨੂੰ ਸੁਲ੍ਹਕੇ ਅਰ ਪੜ੍ਹਕੇ ਇੱਕ ਭਾ ਮਨ ਨਹੀਂ ਥੱਕਦਾ ਦੂਜਾ ਬੋਲਲੇ ਦੇ ਸਾਰੇ ਢੰਗ ਆ ਜਾਂਦੇ ਹਨ। ਇਸ ਦੇ ਤਿੰਨ ਭਾਗ ਹਨ। ਪਹਿਲੇ ਭਾਗ ਵਿੱਚ ਮਾਂਝ੍ਹੇ ਦਿਆਂ ਸਹਰੀਆਂ ਅਤੇ ਗੁਆਰਾਂ ਮਨੁੱਖਾਂ ਅਰ ਤੀਮੀਆਂ ਮੁੰਡਿਆਂ ਅਰ ਕੁੜੀਆਂ ਅਰ ਮੁਟਿਆਰਾਂ ਦੀਆਂ ਬੋਲੀਆਂ ਅਰ ਰੀਤਾਂ ਅਰ ਗੀਤ ਅਰ ਖੇਲਾਂ ਆਦਿਕ ਲਿਖੀਆਂ ਹਨ। ਅਰ ਦੂਜੇ ਭਾਗ ਵਿਖੇ ਇਸੀ ਤਰਾਂ ਦੁਆਬੇ ਦਿਆਂ ਸਹਰੀਆਂ ਗੁਆਰਾਂ ਅਤੇ ਮੁੰਡਿਆਂ ਕੁੜੀਆਂ ਦੀਆਂ ਬੋਲੀਆਂ ਖੇਲਾਂ ਅਰ ਰੀਤਾਂ ਲਿਖੀਆਂ ਹਨ। ਤੀਜੇ ਭਾਗ ਵਿੱਚ ਦੁਆਬੇ ਦਿਆਂ ਮੁਸਲਮਾਨਾਂ ਅਰ ਕਾਂਗੜੇ ਦੇ ਅਲਾਕੇ ਦਿਆਂ ਪਹਾੜੀਆਂ ਅਰ ਮਾਲਬੇ ਦਿਆਂ ਜੱਟਾਂ ਦੀਆਂ ਬੋਲੀਆਂ ਅਰ ਕੁਛ ਰੀਤਾਂ ਰਸਮਾਂ ਲਿਖੀਆਂ ਹੋਈਆਂ ਹਨ। ਭਾਵੇਂ ਜੋਗ ਨਹੀਂ ਸਾ ਪਰ ਅੰਗ੍ਰੇਜਾਂ ਨੂੰ ਸਿਖਾਲਲੇ ਵਾਸਤੇ ਪੰਜਾਬ ਦੀਆਂ ਮਸਕਰੀਆਂ ਅਰ ਠੱਠੇ ਅਰ

ਕਿਤੇ ਕਿਤੇ ਥਾਂ ਸਿਰ ਮੁਹਾਵਰੇ ਦੀਆਂ ਗਾਲ੍ਹੀਆਂ ਬੀ ਲਿਖ ਦੇਲੀਆਂ ਜਰੂਰੀ ਸਮਝ੍ਹੀਆਂ ਉਮੇਦ ਕਿ ਭਲੇ ਮਾਲਸ ਮਾਫ ਕਰਨਗੇ॥

ਭਾਵੇਂ ਮੈਂ ਰਹਿਲੇਵਾਲ੍ਹਾ ਭਾਂ ਦੁਆਬੇ ਦਾ ਹਾਂ ਅਰ ਘਰ ਮੇਰਾ ਜਲੰਧਰ ਦੇ ਅਲਾਕੇ ਫੁਲੌਰ ਸਹਿਰ ਵਿੱਚ ਹੈ ਭਾਂ ਬੀ ਮੈਂ ਹੋਰਨਾਂ ਅਸਥਾਨਾਂ ਦੀਆਂ ਬੋਲੀਆਂ ਅਰ ਰੀਤਾਂ ਲਿਖੀਆਂ ਜੇ ਕਿਸੇ ਜਗਾ ਮੇਰੇ ਲਿਖਲ ਦੀ ਭੁੱਲ ਹੋਵੇ ਭਾਂ ਪੜ੍ਹਨਵਾਲੇ ਮਾਫ ਕਰਨ॥

ਪੰਡਿਤ ਸਰਧਾਰਾਮ, ਫੁਲੌਰੀ॥

TO READ THE ENTIRE BOOK PLEASE CONTACT US:

whatsapp: +92-3160770117

email: worldcentreforpunjabi@gmail.com

World Centre for Punjabi, Lahore, Pakistan.